# ਮੱਧਕਾਲੀਨ ਪੰਜਾਬੀ ਸਾਹਿਤ ਦੀ ਭਗਤੀ ਕਾਵਿ ਧਾਰਾ ਤੇ ਸੂਫ਼ੀ ਕਾਵਿ ਧਾਰਾ ਦਾ ਮਹੱਤਵ

ਵੀਨਾਂ ਅਰੋੜਾ

ਪੰਜਾਬੀ ਵਿਭਾਗ, ਐਚ.ਐਮ.ਵੀ. ਕਾਲਜ

ਜਲੰਧਰ।

ਸਾਹਿਤ ਸਮਾਜ ਦਾ ਦਰਪਣ ਹੈ, ਜੋ ਕਿਸੇ ਵੀ ਸਮਾਜ ਦੀ ਸਰਵਪੱਖੀ ਜਾਣਕਾਰੀ ਦਿੰਦਾ ਹੈ, ਤੇ ਸੰਸਾਰ ਦੇ ਸਭ ਖਿੱਤਿਆਂ ਵਿਚ ਰਹਿ ਰਹੇ ਲੋਕਾਂ ਦੀ ਜ਼ਿੰਦਗੀ ਦਾ ਮੁਤਾਲਿਆ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਵਿਚੋਂ ਸਹਿਜੇ ਹੀ ਕੀਤਾ ਜਾ ਸਕਦਾ ਹੈ ਤੇ ਉਸਾਰੂ ਸਾਹਿਤ ਕਿਸੇ ਵੀ ਕੌਮ ਦੀ ਜ਼ਿੰਦਗੀ ਦੇ ਉੱਚੇ ਮਿਆਰਾਂ ਨੂੰ ਨਿਸ਼ਚਿਤ ਕਰਦਾ ਹੈ। ਸਾਹਿਤ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾਂ ਦਾ ਸ੍ਰੋਤ ਬਣਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਰੁਸ਼ਨਾਉਂਦਾ ਹੈ, ਪੰਜਾਬੀ ਕੌਮ ਬਹਾਦਰ ਤੇ ਸਿਰੜੀ ਹੈ ਇਸ ਦੇ ਪ੍ਰਮਾਣ ਇਤਿਹਾਸਕ/ਸਾਹਿਤਕ ਹਵਾਲਿਆਂ ਤੋਂ ਹੀ ਮਿਲਦੇ ਹਨ। ਜੇਕਰ ਕਿਸੇ ਕੌਮ ਦਾ ਸਾਹਿਤ ਨਸ਼ਟ ਹੋ ਜਾਵੇ ਤਾਂ ਫਿਰ ਉਸ ਦੀ ਹੋਂਦ ਨੂੰ ਖਤਮ ਕਰਨ ਲਈ ਹਥਿਆਰਾਂ ਦੀ ਲੋੜ ਨਹੀਂ ਰਹਿੰਦੀ।

ਸਾਹਿਤ ਦੇ ਪਾਠਕ ਕੋਲ ਅਜਿਹੀ ਸੂਝ ਬੂਝ ਤੇ ਦ੍ਰਿਸ਼ਟੀ ਹੁੰਦੀ ਹੈ ਜੋ ਆਮ ਵਿਅਕਤੀ ਕੋਲ ਸ਼ਾਇਦ ਸੰਭਵ ਨਹੀਂ ਕਿਉਂ ਕਿ ਸਾਹਿਤਕ ਕਿਰਤਾਂ ਵਿਚ ਮਹਾਨ ਵਿਅਕਤੀਆਂ ਦੀ ਜ਼ਿੰਦਗੀ ਦੇ ਅਨੁਭਵੀ ਹਵਾਲੇ ਬਹੁਤ ਅਹਿਮ ਹੁੰਦੇ ਹਨ ਤੇ ਜਦੋ ਪਾਠਕ ਦਾ ਵਾਸਤਾ ਇਨ੍ਹਾਂ ਤਜੁਰਬਿਆਂ ਨਾਲ ਹੁੰਦਾ ਹੈ ਤਾਂ ਉਸ ਦੀ ਸੋਚ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਪੰਜਾਬੀ ਮੱਧਕਾਲੀ ਸਾਹਿਤ ਵਿਚ ਵੀ ਅਜਿਹੀਆਂ ਅਣਗਿਣਤ ਰਚਨਾਵਾਂ ਤੇ ਕਿਰਤਾਂ ਹਨ, ਜੋ ਮਨੁੱਖੀ ਜੀਵਨ ਨੂੰ ਅਹਿਮ ਸੇਧ ਪ੍ਰਦਾਨ ਕਰਦੀਆਂ ਹਨ, ਅਜਿਹੀਆਂ ਸਾਹਿਤਕ ਕਿਰਤਾਂ ਉਦੋਂ ਹੋਰ ਵੀ ਮੁੱਲਵਾਨ ਹੋ ਜਾਂਦੀਆਂ ਹਨ ਜਦੋ ਕਿਸੇ ਕੌਮ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦੇ ਰਾਹ ਤੋਰਦੀਆਂ ਹਨ।

ਮੱਧਕਾਲੀ ਪੰਜਾਬੀ ਸਾਹਿਤ ਦਾ ਅਧਿਐਨ ਤੇ ਅਧਿਆਪਨ ਸੂਚਨਾ ਤੇ ਕ੍ਰਾਂਤੀ ਦੇ ਇਸ ਯੁੱਗ ਵਿਚ ਬਹੁਤ ਹੀ ਅਹਿਮ ਹੋ ਗਿਆ ਜਾਪਦਾ ਹੈ। ਵਿਸ਼ਵੀਕਰਨ ਦੇ ਵਰਤਾਰੇ ਨਾਲ ਜਿਥੇ ਜ਼ਿੰਦਗੀ ਨੇ ਤੇਜ਼ ਰਫ਼ਤਾਰ ਪਕੜੀ ਹੈ ਉਥੇ ਅੱਗੇ ਵੱਲ ਨੂੰ ਦੌੜਦਾ ਹੋਇਆ ਮਨੁੱਖ ਸਭ ਕੁਝ ਹਾਸਲ ਕਰਕੇ ਵੀ ਬੇਚੈਨ ਹੈ, ਨੈਤਿਕ ਕਰਦਾ ਕੀਮਤਾ, ਮਾਨਸਿਕ ਸਕੂਲ, ਆਦਰਸ਼ ਅਤੇ ਸਦਾਚਾਰ ਅਣਗੌਲੇ ਹੋ ਗਏ ਨੇ, ਇਨ੍ਹਾਂ ਸਾਰੀਆਂ ਮਾਰੂ ਪ੍ਰਸਥਿਤੀਆਂ ਤੋਂ ਮਨੁੱਖ ਨੂੰ ਮੱਧਕਾਲੀ ਸਾਹਿਤ ਦੇ ਸਰੋਕਾਰ ਹੀ ਬਚਾ ਸਕਦੇ ਨੇ, ਅਜਿਹਾ ਮੇਰਾ ਦ੍ਰਿੜ ਵਿਸ਼ਵਾਸ਼ ਹੈ।

ਆਪਣੇ ਇਸ ਖ਼ੋਜ ਪੱਤਰ ਵਿਚ ਮੈਂ ਮੱਧਕਾਲੀ ਸਾਹਿਤ ਦੀਆਂ ਦੋ ਮਹੱਤਵਪੂਰਣ ਲਹਿਰਾਂ ਭਗਤੀ ਲਹਿਰ ਤੇ ਸੂਫ਼ੀ ਲਹਿਰ ਦੇ ਸਮਾਜ ਸ਼ਾਸ਼ਤਰੀ ਪਿਛੋਕੜ ਦੀ ਗੱਲ ਕਰਾਂਗੀ। ਸਾਹਿਤ ਵਿਚ ਸਮੇ ਸਮੇ ਨਵੀਆਂ ਪ੍ਰਵਿਰਤੀਆਂ ਧਾਰਾਵਾਂ ਜਾਂ ਲਹਿਰਾਂ ਹੋਂਦ ਵਿਚ ਆਉਂਦੀਆਂ ਰਹਿੰਦੀਆਂ ਹਨ, ਇਹ ਸਾਹਿਤਕ ਲਹਿਰਾਂ ਵਿਕਾਸ ਕਰਦੀਆਂ ਉਸ ਸਮੇਂ ਦੇ ਸਮਾਜ ਦੀ ਸਮੁੱਚੀ ਤਸਵੀਰ ਨੂੰ ਉਜ਼ਾਗਰ ਕਰਦੀਆਂ ਹਨ।



Scanned with CamScanner

ਸਾਹਿਤਕ ਲਹਿਰਾਂ ਦੇ ਉਦਭਵ, ਵਿਕਾਸ, ਵਿਗਠਨ ਤੋਂ ਪਹਿਲਾਂ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਅਤੇ ਸਾਹਿਤ ਦੀ ਪ੍ਰਕਿਰਤੀ ਬਾਰੇ ਗੱਲ ਕਰਨੀ ਉਚਿਤ ਹੈ। ਸਾਹਿਤ ਆਪਣੀ ਸਮੱਗਰੀ ਸਮਾਜ ਵਿਚੋਂ ਹੀ ਗ੍ਰਹਿਣ ਕਰਦਾ ਹੈ। ਇਹ ਸਮਾਜਿਕ ਜੀਵਨ ਦਾ ਪ੍ਰਤੀਬਿੰਬ ਵੀ ਹੈ ਤੇ ਪ੍ਰਤੀਕਰਮ ਵੀ। ਇਸ ਰਾਹੀਂ ਹੀ ਸਮਕਾਲੀ ਜੀਵਨ ਨੂੰ ਚਿਤਰਿਆਂ ਗਿਆਂ ਹੁੰਦਾ ਹੈ, ਪਰ ਸਾਹਿਤ ਸਮਾਜਕ ਯਥਾਰਥ ਦਾ ਨਿਰੋਲ ਬਾਹਰਮੁਖੀ ਵਰਨਣ ਨਹੀਂ ਹੁੰਦਾ, ਸਾਹਿਤ ਤੱਥ ਬਿੰਬ ਦਾ ਰੂਪ ਧਾਰਨ ਕਰਦਾ ਹੈ ਤੇ ਬਿੰਬ ਯਾਥਾਰਥ ਤੋਂ ਇਲਾਵਾ ਬੜਾ ਕੁਝ ਹੁੰਦਾ ਹੈ, ਇਹ ਸੁਹਜ ਪੈਦਾ ਕਰਦਾ ਹੈ, ਮੌਲਿਕ ਹੁੰਦਾ ਹੋਇਆ ਵੀ ਸਮਕਾਲੀ ਸਾਹਿਤ ਚਿੰਤਨ ਤੋਂ ਪ੍ਰਭਾਵਤ ਹੁੰਦਾ ਹੈ, ਪਰੰਪਰਾ ਤੇ ਨਵੀਨਤਾ ਇਸ ਤੋਂ ਝਲਕਦੀ ਹੈ।

ਸਾਹਿਤ ਤੇ ਸਮਾਜ ਦੇ ਸੰਬੰਧਾਂ ਦੀ ਰੇਖਾ ਬਹੁਦਿਸ਼ਾਵੀ ਹੈ ਸਾਹਿਤ ਦੇ ਸਹੀ ਰੂਪ ਨੂੰ ਸਮਝਣ ਲਈ ਉਸ ਸਮਾਜਿਕ ਪਿਛੋਕੜ ਜਾਂ ਸੰਦਰਭ ਨੂੰ ਸਮਝਣ ਦੀ ਜਰੂਰਤ ਹੈ ਜਿਸ ਵਿਚ ਇਹ ਪੈਦਾ ਹੁੰਦਾ ਹੈ। ਹਰ ਭਾਸ਼ਾ ਦੇ ਸਾਹਿਤ ਦੀ ਆਪਣੀ ਪਰੰਪਰਾ, ਨਿਯਮ ਤੇ ਇਤਿਹਾਸ ਹੁੰਦਾ ਹੈ। ਸਾਹਿਤ ਇਤਿਹਾਸ ਵਿਕਾਸ ਵਿਚ ਬਹੁਪੱਖੀ ਹੁੰਦਾ ਹੈ, ਇਹ ਦੇਸ਼ ਕਾਲ ਵਿਚ ਵਾਪਰਣ ਵਾਲੀਆਂ ਹਰ ਤਰ੍ਹਾਂ ਦੀਆਂ ਲਹਿਰਾਂ, ਧਾਰਾਵਾਂ ਦਾ ਸਿੱਟਾਂ ਹੁੰਦਾ ਹੈ, ਇਹ ਲਹਿਰਾਂ ਨਾਂ ਸਿਰਫ ਰਾਜਸੀ ਹੁੰਦੀਆਂ ਹਨ ਸਗੋਂ ਸਮਾਜਿਕ, ਆਰਥਿਕ, ਧਾਰਮਿਕ ਅਤੇ ਸੁਧਾਰਕ ਵੀ ਹੁੰਦੀਆਂ ਹਨ।

**ਭਗਤੀ ਕਾਵਿ ਧਾਰਾ** — ਮੱਧ ਕਾਲੀ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਸ ਕਾਵਿ ਧਾਰਾ ਦਾ ਮਹੱਤਵਪੂਰਣ ਸਥਾਨ ਹੈ। ਇਸ ਕਾਵਿ ਧਾਰਾ ਦਾ ਆਰੰਭ ਆਮਤੌਰ ਤੇ ਸ਼ੰਕਰਾਚਾਰੀਆ ਨਾਲ ਹੋਇਆ ਮੰਨਿਆਂ ਜਾਂਦਾ ਹੈ ਡਾ. ਮਨਜੀਤ ਸਿੰਘ ਨਰੂਲਾ ਅਨੁਸਾਰ "ਇਸ ਕਾਵਿ ਧਾਰਾ ਦਾ ਆਰੰਭ ਮੱਧਕਾਲ ਵਿਚ ਸ਼ੰਕਰਾਚਾਰੀਆਂ ਨਾਲ ਹੀ ਹੋ ਗਿਆ ਸੀ ਪ੍ਰੰਤੂ ਇਸ ਕਾਵਿ ਧਾਰਾ ਦੇ ਅਸਲ ਪਰਵਰਤਕ ਰਾਮਾਨੁਜ ਮੰਨੇ ਜਾਂਦੇ ਹਨ, ਭਗਤੀ ਲਹਿਰ ਨੇ ਸਮਾਜ ਵਿਚ ਹਰ ਵਰਗ ਅਤੇ ਵਰਣ ਦੇ ਵਿਅਕਤੀ ਦੀ ਮਹੱਤਤਾ ਸਥਾਪਤ ਕੀਤੀ ਸਾਰੀਆਂ ਜਾਂਤੀਆਂ ਦੇ ਲੋਕ ਉਹਨਾਂ ਦੇ ਸ਼ਿਸ਼ ਬਣੇ ਜਿਨ੍ਹਾਂ ਨੇ ਥਾਂ-ਥਾਂ ਘੁੰਮ ਕੇ ਸ਼ੁੱਧ ਧਰਮ ਭਾਵਨਾ ਦਾ ਪ੍ਰਚਾਰ ਕੀਤਾ।" (1) ਪੰਨਾ 94

ਇਸ ਕਾਵਿ ਧਾਰਾ ਦੀ ਵਿਚਾਰਧਾਰਾ ਜੀਵਨ ਦੀ ਨਿਕਟ ਵਾਸਤਵਿਕਤਾ ਤੇ ਆਧਾਰਤ ਹੈ ਤੇ ਇਸ ਕਵਿਤਾ ਨੇ ਲੋਕ ਮਾਨਸ ਨੂੰ ਬਹੁਤ ਪ੍ਰਭਾਵਤ ਕੀਤਾ। ਅੱਠਵੀ ਨੌਵੀਂ ਸਦੀ ਵਿਚ ਸ਼ੁਰੂ ਹੋਈ ਭਗਤੀ ਅੰਦੋਲਨ ਦੀ ਇਹ ਲੋਕ ਲਹਿਰ ਜਿਹੜੀ 15ਵੀਂ ਸਦੀ ਵਿਚ ਉੱਤਰ ਭਾਰਤ ਵਿਚ ਫੈਲ ਗਈ। ਪ੍ਰਾਚੀਨ ਭਾਰਤੀ ਸੰਸਕ੍ਰਿਤੀ ਦੀਆਂ ਕਦਰਾਂ ਕੀਮਤਾਂ ਇਸ ਭਗਤੀ ਅੰਦੋਲਨ ਨੇ ਮੁੜ ਸੁਰਜੀਤ ਕੀਤੀਆਂ, ਇਸ ਲੋਕ ਲਹਿਰ ਸਦਕਾਂ ਹੀ ਉੱਤਰ ਭਾਰਤ ਦੇ ਸੰਸਕ੍ਰਿਤਕ ਜੀਵਨ ਵਿਚ ਕਈ ਪਰਿਵਰਤਨ ਆਏ।

ਮੰਨੂ ਦੇ ਜ਼ਮਾਨੇ ਪਿਛੋਂ ਹਿੰਦੂ ਧਰਮ ਵਿਚ ਭਾਰੀ ਤਬਦੀਲੀ ਆਈ। ਹਿੰਦੂ ਕੌਮ ਵਿਚ ਏਕਤਾ ਨਾ ਰਹੀ, ਉਨ੍ਹਾਂ ਦਾ ਕੌਮੀ ਤਾਣਾ ਬਾਣਾ ਬਿਖ਼ਰ ਗਿਆ ਜਾਤ-ਪਾਤ, ਊਚ-ਨੀਚ, ਛੂਆ-ਛੂਤ ਦੇ ਵਿਤਕਾਰੇ ਤੇ ਭੇਦ-ਭਾਵਾਂ, ਵਹਿਮਾਂ ਭਰਮਾਂ, ਇਖ਼ਲਾਕੀ ਕਦਰਾ ਕੀਮਤਾਂ ਵਿਚ ਨਿਘਾਰ ਆਦਿ ਵਰਤਾਰੇ ਨੇ ਹਿੰਦੂ ਸਮਾਜ ਨੂੰ ਬਹੁਤ ਕਮਜ਼ੋਰ ਕਰ ਦਿਤਾ। ਇਸਲਾਮ ਦੀ ਆਮਦ ਭਾਰਤੀ ਸੰਸਕ੍ਰਿਤੀ ਲਈ ਵੰਗਾਰ ਬਣ ਗਈ, ਇਸਲਾਮੀ ਹੁਕਮਰਾਨਾਂ ਨੇ ਕਮਜ਼ੋਰ ਹੋਏ ਹਿੰਦੂਆਂ ਉਤੇ ਜ਼ੁਲਮ ਤਸ਼ੱਦਦ ਦੇ ਕਹਿਰ ਢਾਹੁਣੇ ਸ਼ੁਰੂ ਕਰ ਦਿਤੇ, ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਇਆਂ ਜਾ ਰਿਹਾ ਸੀ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਤੋੜਿਆਂ ਜਾ ਰਿਹਾ ਸੀ, ਮੰਦਰ ਢਾਹ ਕੇ ਮਸਜ਼ਿਦਾ ਉਸਾਰੀਆਂ ਜਾ ਰਹੀਆਂ ਸਨ, ਮੁਸਲਮਾਨ ਹਰ ਪੱਧਰ ਤੇ ਹਿੰਦੂਆਂ ਨੂੰ ਜ਼ਲੀਲ ਕਰ ਰਹੇ ਸਨ, ਆਪਸ ਵਿਚ ਹੀ ਲੜ ਰਹੇ ਰਾਜਿਆ ਮਹਾਰਾਜਿਆਂ ਵਿਚ ਇਸਲਾਮੀ ਹਮਲਾਵਰਾਂ ਤੇ ਧਾੜਵੀਆਂ ਦਾ ਮੁਕਾਬਲਾ ਕਰਨ ਦੀ ਹਿੰਮਤ ਨਹੀਂ ਸੀ ਦੋਹਾਂ ਕੌਮਾਂ ਵਿਚ (ਹਿੰਦੂ ਤੇ ਮੁਸਲਮਾਨ) ਨਫ਼ਰਤ ਦੇ ਦੁਸ਼ਮਣੀ ਬਹੁਤ ਵੱਧ ਚੁੱਕੀ ਸੀ ਉਸ ਸਮੇਂ ਆਮ ਲੋਕਾਈ ਲਈ ਗੁਰੂ ਨਾਨਕ ਦੇ ਅਵਧਾਰ ਧਾਰਿਆਂ :



Scanned with CamScanner

"ਸੁਣੀ ਪੁਕਾਰ ਦਾਤਾਰ ਪ੍ਰਭ

ਗੁਰੂ ਨਾਨਕ ਜਗ ਮਹਿ ਪਠਾਇਆ।"

ਪੰਜਾਬ ਵਿਚ ਭਗਤੀ ਲਹਿਰ ਦੇ ਪ੍ਰਤੀਨਿਧ ਕਵੀ ਗੁਰੂ ਨਾਨਕ ਸਨ, ਜਿਨ੍ਹਾਂ ਨੇ ਸਮਾਜ ਨੂੰ ਸੁਧਾਰਨ ਦਾ ਬੀੜਾ ਚੁਕਿਆ। ਉਨ੍ਹਾਂ ਸੈਂਕੜੇ ਸਾਲਾਂ ਤੋਂ ਪਈਆਂ ਸਮਾਜਿਕ ਵੰਡੀਆਂ ਤੇ ਜਾਤ-ਪਾਤ ਨੂੰ ਦੂਰ ਕਰਕੇ ਮਨੁੱਖਤਾ ਨੂੰ ਇੱਕ ਪਰਮਾਤਮਾ ਦਾ ਸੁਨੇਹਾ ਦਿਤਾ। ਹਰ ਤਰ੍ਹਾਂ ਦੀਆਂ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ, ਉਨ੍ਹਾਂ ਇਕ ਸਾਂਝੇ ਭਾਈਚਾਰੇ ਤੇ ਸਭਿਆਚਾਰ ਦੀ ਨੀਂਹ ਰੱਖੀ, ਉਨ੍ਹਾਂ ਦੀ ਵਿਚਾਰਧਾਰਾਂ ਨੇ ਹਰ ਧਰਮ ਦੇ ਲੋਕਾਂ ਤੇ ਪ੍ਰਭਾਵ ਪਾਇਆਂ ਇਸੇ ਲਈ ਕਿਹਾ ਜਾਣ ਲੱਗਾ :

ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ। ਸਰਬੱਤ ਦੇ ਭਲੇ ਦੀ ਰੁਚੀ ਅਧੀਨ ਭਗਤੀ ਕਾਵਿ ਧਾਰਾ ਨੇ ਹਿੰਦੁਸਤਾਨੀ ਸਮਾਜ ਵਿਚ ਫੈਲੀਆਂ ਹਰ ਤਰ੍ਹਾਂ ਦੀਆਂ ਕੁਰੀਤੀਆਂ ਦਾ ਵਿਰੋਧ ਕੀਤਾ, ਭਗਤੀ ਕਾਵਿ-ਧਾਰਾ ਦੇ ਲਗਭਗ ਸਾਰੇ ਕਵੀ ਆਪਣੇ ਕਾਵਿ-ਅਨੁਭਵ ਨੂੰ ਵਿਦਰੋਹੀ ਰੂਪ ਵਿਚ ਪ੍ਰਗਟ ਕਰਦੇ ਹਨ। ਭਗਤੀ ਕਾਵਿ-ਧਾਰਾ ਨੇ ਪਰੰਪਰਾਵਾਦ, ਪੁਜਾਰੀਵਾਦ, ਕਰਮਕਾਂਡਾ ਵਿਰੁਧ ਜ਼ੋਰਦਾਰ ਆਵਾਜ਼ ਉਠਾਈ। ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਉਨ੍ਹਾਂ ਨੇ ਗੁਰਮੁਖੀ ਲਿਪੀ ਵਿਚ ਕੀਤਾ। ਪੰਜਾਬੀ ਬੋਲੀ ਤੇ ਇਸ ਲਈ ਇਕ ਵਿਸ਼ੇਸ਼ ਭਾਰਤੀ ਲਿਪੀ ਨੂੰ ਅਪਣਉਣਾ ਕੇਵਲ ਇਸ ਗੱਲ ਦਾ ਪ੍ਰਮਾਣ ਨਹੀਂ ਕਿ ਗੁਰੂ ਸਾਹਿਬ ਜਨ ਹਿਤਕਾਰੀ ਹੋਣ ਕਰਕੇ ਬ੍ਰਾਹਮਣ ਪੁਜਾਰੀਵਾਦ ਦੀ ਰਾਖਵੀਂ ਬੋਲੀ ਜਾਂ ਲਿਪੀ ਨੂੰ ਅਪਨਾਉਣ ਦੇ ਵਿਰੁਧ ਸਨ। ਸਗੋਂ ਇਸ ਗੱਲ ਦਾ ਸੰਕੇਤ ਹੈ ਕਿ ਬਦੇਸ਼ੀ ਮੁਸਲਮਾਨੀ ਸਮਾਰਾਜ ਦੀ ਬੋਲੀ ਤੇ ਲਿਪੀ ਦੇ ਵਰਤਾਰੇ ਤੋਂ ਚੇਤੰਨ ਹੋ ਕੇ ਗੁਰੂ ਸਾਹਿਬ ਉਹਨਾਂ ਦੇ ਮਾਰੂ ਅਸਰਾਂ ਤੋਂ ਪੰਜਾਬੀ ਕੌਮ ਨੂੰ ਬਚਾਉਣਾ ਚਾਹੁੰਦੇ ਸਨ ਜਿਨ੍ਹਾਂ ਦਾ ਸ਼ਿਕਾਰ ਬਲੋਚੀ, ਪਸ਼ਤੋ, ਸਿੰਧੀ ਆਦਿ ਹੋ ਗਈਆਂ ਸਨ।

ਗੁਰਮਤਿ ਲਹਿਰ ਦੇ ਰੂਪ ਵਿਚ ਭਗਤੀ ਲਹਿਰ ਕੇਵਲ ਭਗਤੀ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਇਸ ਵਿਚ ਮਨੁੱਖੀ ਏਕਤਾ, ਧਾਰਮਿਕ ਪਾਖੰਡਾਂ ਦਾ ਵਿਰੋਧ, ਰਾਜਸੀ ਤੇ ਸਾਂਸਕ੍ਰਿਤਕ ਚੇਤਨਾ ਦੇ ਭਾਵ ਵਧੇਰੇ ਉਘੱੜਵੇਂ ਤੇ ਸਾਰਥਕ ਹੁੰਦੇ ਗਏ। ਗੁਰੂਆਂ ਦੇ ਨਾਲ ਭਾਈ ਗੁਰਦਾਸ ਜੀ ਨੇ ਆਪਣੀਆਂ ਪੰਜਾਬੀ ਵਾਰਾਂ ਵਿਚ ਸਿੱਖ ਕਵਿਤਾ ਦੀ ਸਿਖਿਆਂ ਤੇ ਵਿਸ਼ਵਾਸ਼ਾ ਨੂੰ ਸਰਬ ਸਾਧਾਰਣ ਦੀ ਬੋਲੀ ਵਿਚ ਉਲੀਕਣ ਦਾ ਸਫ਼ਲ ਯਤਨ ਕੀਤਾ।

ਭਗਤ ਕਵੀਆਂ ਨੇ ਈਸ਼ਵਰ ਨੂੰ ਸਰਬ ਸ਼ਕਤੀਮਾਨ ਸਵਿਕਾਰਦੇ ਹੋਏ ਮਨੁੱਖਤਾਂ ਨੂੰ ਸੁੱਚੇ ਆਚਰਣ, ਨਾਮ ਸਿਮਰਣ, ਭਗਤੀ ਸਾਧਨਾ ਤੇ ਪ੍ਰੇਮ ਉਪਦੇਸ਼ ਦੁਆਰਾਂ 'ਇਕ ਨੂਰ ਤੋਂ ਉਪਜੇ ਹੋਣ' ਦਾ ਸੰਦੇਸ਼ ਦੇ ਕੇ ਸਮਾਜ ਦੀ ਵਿਗੜੀ ਰੂਪ-ਰੇਖਾਂ ਨੂੰ ਸੰਵਾਰਨ ਦਾ ਉਪਰਾਲਾ ਕੀਤਾ ਇਸ ਕਾਵਿ ਧਾਰਾ ਨਾਲ ਜੁੜੇ ਕਵੀਆਂ ਨੇ ਭਗਤੀ ਮਾਰਗ ਨੂੰ ਪ੍ਰੇਮ ਦਾ ਮਾਰਗ ਆਖਿਆਂ ਇਸ ਕਵਿਤਾ ਦੇ ਦੋ ਪ੍ਰਮੁੱਖ ਗੁਣ ਪ੍ਰੇਮ ਅਤੇ ਗਿਆਨ ਹੀ ਹਨ। ਰਾਮਾਨੁਜ ਤੋਂ ਮਗਰੋਂ ਨਿਰਗੁਣ ਤੇ ਸਰਗੁਣ ਸੰਪਰਦਾਂ ਹੋਂਦ ਵਿਚ ਆਈ। ਡਾ. ਗੁਰਨਾਮ ਕੌਰ ਬੇਦੀ ਅਨੁਸਾਰ,

"ਕਬੀਰ ਇਸ ਦ੍ਰਿਸ਼ਟੀ ਤੋਂ ਪ੍ਰਮੁੱਖ ਗਿਆਨ ਮਾਰਗੀ ਕਵੀ ਹਨ। ਨਿਰਗੁਣ ਕਾਵਿ ਧਾਰਾ ਦੇ ਸੰਦਰਭ ਵਿਚ ਉੱਤਰੀ ਭਾਰਤ ਦੀ ਇਹ ਸੰਤ ਪਰੰਪਰਾ ਵਧੇਰੇ ਕਰਕੇ ਧਰਮ ਅਤੇ ਦਰਸ਼ਨ ਕੇਂਦਰਿਤ ਹੈ।" (2) ਪੰਨਾ 55 ਡਾ. ਪ੍ਰੇਮ ਪ੍ਰਕਾਸ਼ ਸਿੰਘ ਵੀ ਪ੍ਰੇਮ ਨੂੰ ਭਗਤੀ ਦੀ ਨੀਂਹ ਆਖਦਾ ਹੈ"(3) ਪੰਨਾ68

ਭਗਤੀ ਕਾਵਿ ਸਿਰਫ਼ ਵਿਸ਼ੈ ਪੱਖੋਂ ਹੀ ਵਿਸ਼ਾਲ ਨਹੀ, ਸਗੋਂ ਇਸ ਕਾਲ ਦੇ ਕਵੀਆਂ ਨੇ ਆਪਣੇ ਸਰੋਕਾਰਾਂ ਦੀ ਪੇਸ਼ਕਾਰੀ ਲਈ ਵੰਨ ਸੁਵੰਨੇ ਬਿੰਬਾਂ, ਪ੍ਰਤੀਕਾ ਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਪ੍ਰਕਿਰਤੀ ਵਿਚੋਂ ਜੀਵ ਜੰਤੂਆਂ, ਪਸ਼ੂ ਪੰਛੀਆਂ ਨੂੰ ਪ੍ਰਤੀਕਾਂ ਵਜੋਂ ਵਰਤਿਆਂ ਹੈ। ਬਹੁਤ



Scanned with CamScanner

ਸਾਰੇ ਕਾਵਿ ਰੂਪਾਂ (ਸਾਖੀ, ਸ਼ਬਦ, ਬਾਵਨ-ਅੱਖਰੀ, ਵਾਰ, ਸਲੋਕ, ਥਿੱਤੀ ਆਦਿ ਵਿਚ ਰਚਨਾਂ ਹੋਈ ਮਿਲਦੀ ਹੈ। ਇਸ ਅਧਿਆਤਮਕ ਬਾਣੀ ਵਿਚ ਸੰਗੀਤ ਦਾ ਅੰਸ਼ ਬੜਾ ਵਿਆਪਕ ਹੈ। ਮੱਧਕਾਲੀ ਬਾਣੀ ਸੰਗੀਤਾਤਮਕ ਵੀ ਹੈ।

ਭਗਤੀ ਕਾਵਿ ਧਾਰਾ ਦਾ ਆਪਣੀ ਮੌਲਿਕਤਾ ਤੇ ਵਿਲੱਖਣਤਾ ਦੇ ਕਾਰਨ ਹੀ ਵਿਸ਼ੇਸ਼ ਸਥਾਨ ਹੈ। ਇਹ ਕਵਿਤਾ ਬਗਾਣਤ ਦੀ ਸੁਰ ਦੀ ਧਾਰਨੀ ਹੈ ਇਸ ਸਮੇ ਦੀ ਕਵਿਤਾ ਵਿਚ ਨਵੀਆਂ ਕਦਰਾਂ ਕੀਮਤਾ ਅਤੇ ਸੰਸਕ੍ਰਿਤੀ ਦੇ ਨਵੇਂ ਪੱਖ ਦਿਖਾਈ ਦੇਂਦੇ ਹਨ। ਇਸ ਮੱਧ ਕਾਲ ਦੀ ਭਗਤੀ ਕਾਵਿ-ਧਾਰਾ ਨੇ ਜੀਵਨ ਦੇ ਸਾਰੇ ਖੇਤਰਾਂ ਨੂੰ ਰੁਸ਼ਨਾ ਦਿਤਾ। ਕਈ ਨਵੇਂ ਜੀਵਨ ਮੁੱਲ ਹੋਂਦ ਵਿਚ ਆਏ ਮੱਧ ਕਾਲ ਦੀ ਇਸ ਕਵਿਤਾ ਦੀ ਲੋਅ ਆਧੁਨਿਕ ਕਾਲ ਦੇ ਸਾਹਿਤ ਵਿਚ ਵੀ ਉਜਾਗਰ ਹੁੰਦੀ ਹੈ ਡਾ. ਇੰਦਰ ਨਾਥ ਮਦਾਨ ਦਾ ਕਹਿਣਾ ਹੈ ਕਿ ਆਧੁਨਿਕਤਾ ਬੋਧ ਨੂੰ ਸਮਝਣ ਲਈ ਸਾਨੂੰ ਮੱਧ-ਯੁਗੀਨ ਬੋਧ ਦਾ ਗਿਆਨ ਹੋਣਾ ਲਾਜਮੀ ਹੈ।"(4)

**ਸੂਫ਼ੀ ਕਾਵਿ ਧਾਰਾ—** ਸੂਫ਼ੀ ਲਹਿਰ ਦੀ ਅਧਾਰਸ਼ਿਲਾ ਇਸਲਾਮ ਦੇ ਮਹਾਨ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਚਿੰਤਨ ਜਾਂ ਫਲਸਫ਼ਾ ਹੈ। ਡਾ. ਜਗਬੀਰ ਸਿੰਘ ਸੂਫ਼ੀਵਾਦ ਨੂੰ ਇਸਲਾਮ ਨਾਲ ਸੰਬੰਧਤ ਵਿਚਾਰਧਾਰਾ ਤੇ ਜੀਵਨ ਜੁਗਤ ਆਖਦਾ ਹੈ ਉਸ ਦਾ ਮੱਤ ਹੈ ਕਿ ਸੂਫ਼ੀਵਾਦ ਬੁਨਿਆਦੀ ਤੌਰ ਤੇ ਇਸਲਾਮ ਨਾਲ ਸੰਬੰਧਤ ਵਿਚ ਵਿਚਾਰਧਾਰਾ ਹੈ।(5) ਪੰਨਾਂ 36 ਭਾਵੇਂ ਕੁਝ ਵਿਦਵਾਨ ਇਸ ਨੂੰ ਇਸਲਾਮ ਦੇ ਅੰਦਰੋਂ ਉਪਜੀ ਹੋਈ ਅਧਿਆਤਮਕ ਲਹਿਰ ਮੰਨਦੇ ਹਨ ਪਰ ਕੁਝ ਦੂਸਰੇ ਵਿਦਵਾਨ ਇਸ ਵਿਚਾਰਧਾਰਾ ਨੂੰ ਇਸਲਾਮ ਧਰਮ ਉਪਰ ਪਏ ਬਾਹਰਲੇ ਪ੍ਰਭਾਵਾਂ ਦਾ ਸਿੱਟਾਂ ਮੰਨਦੇ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਰੂਪ ਵਿਚ ਯੂਨਾਨੀ, ਫ਼ਿਲਾਸਫ਼ੀ, ਈਸਾਈ ਮੱਤ ਅਤੇ ਬੁੱਧ ਮੱਤ ਦਾ ਪ੍ਰਭਾਵ ਸਭ ਤੋਂ ਵਧੇਰੇ ਮੰਨਿਆਂ ਜਾਂਦਾ ਹੈ।

ਹਰ ਵਿਚਾਰਧਾਰਾ ਆਪਣੇ ਅੰਦਰਲੇ ਇਤਿਹਾਸ ਵਿਕਾਸ ਅਤੇ ਬਾਹਰਲੇ ਪ੍ਰਭਾਵਾਂ ਕਾਰਨ ਹੀ ਆਪਣਾ ਵਿਲੱਖਣ ਸੁਭਾਅ ਗ੍ਰਹਿਣ ਕਰਦੀ ਹੈ। ਸੂਫ਼ੀ ਕਾਵਿ ਧਾਰਾ ਸ਼ੁਰੂ ਤੋਂ ਅਖ਼ੀਰ ਤੱਕ ਇਸਲਾਮ ਦੇ ਵਿਆਪਕ ਪ੍ਰਸੰਗ ਨਾਲ ਜੁੜੀ ਰਹਿੰਦੀ ਹੈ ਅਤੇ ਕਿਸੇ ਵੀ ਸੂਫ਼ੀ ਨੇ ਇਸਲਾਮ ਦੀ ਵਿਸ਼ਵ ਦ੍ਰਿਸ਼ਟੀ ਨੂੰ ਰੱਦ ਨਹੀਂ ਕੀਤਾ।

ਭਾਰਤ ਵਿਚ ਸੂਫ਼ੀ ਲਹਿਰ ਦਾ ਆਗਮਨ ਮੁਸਲਮਾਨ ਹਮਲਾਵਰਾਂ ਦੇ ਨਾਲ ਭਾਰਤ ਦੀ ਧਰਤੀ ਤੇ ਆਏ ਸੂਫ਼ੀ ਸ਼ਾਇਰਾਂ ਅਤੇ ਸੰਤਾਂ ਦੁਆਰਾ ਨੌਂਵੀ ਦਸਵੀਂ ਸਦੀ ਵਿਚ ਹੋਇਆ। ਆਪਣੇ ਦਾਰਸ਼ਨਿਕ ਫ਼ਲਸਫ਼ੇ ਕਾਰਨ ਇਸ ਦਾ ਪਰੰਪਰਿਕ ਸਰੂਪ ਨਵੇਂ ਮੁਹਾਂਦਰੇ ਵਾਲਾ ਹੋ ਗਿਆ। ਸੂਫ਼ੀ ਚਿੰਤਨ ਦੇ ਤਿੰਨ ਪੱਖ ਅਧਿਆਤਮਕ ਪਰਾਭੌਤਿਕ ਤੇ ਮਾਨਵਵਾਦੀ ਹਨ। ਅਧਿਆਤਮਕ ਪੱਖ ਇਸ਼ਕ ਹਕੀਕੀ ਦੇ ਮਾਰਗ ਰਾਹੀਂ ਉਸ ਪਰਮਾਤਮਾਂ ਨਾਲ ਇਕਸੁਰਤਾ ਦਾ ਸੰਦੇਸ਼ ਦਿੰਦਾ ਹੈ। ਇਨਸਾਨ ਅਤੇ ਖ਼ੁਦਾ ਵਿਚਲੀ ਵਿੱਥ ਨੂੰ ਹਟਾਉਣ ਦਾ ਪ੍ਰਮੁੱਖ ਮਾਰਗ ਇਸ਼ਕ ਹਕੀਕੀ ਹੀ ਹੈ। ਇਹ ਯਾਤਰਾ ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ ਦੇ ਪੜਾਆਂ ਵਿਚੋਂ ਲੰਘਦੀ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਸੂਫ਼ੀ ਸਾਧਕਾ ਨੇ ਪ੍ਰੇਮ ਨੂੰ ਕੇਵਲ ਪ੍ਰੇਮ ਦੀ ਹੀ ਖ਼ਾਤਰ ਅਪਣਾਇਆ ਹੈ ਉਸ ਪਰਮ ਪ੍ਰੀਤਮ ਦਾ ਪ੍ਰੇਮ ਉਨ੍ਹਾਂ ਲਈ ਸਭ ਕੁਝ ਹੈ। ਇਹ ਪ੍ਰੇਮ ਨਿਸ਼ਕਾਮ ਪ੍ਰੇਮ ਹੈ, ਇਸ ਵਿਚ ਪ੍ਰੀਤਮ ਦੇ ਪ੍ਰੇਮ ਤੋਂ ਛੁੱਟ ਦੂਜੀ ਕਿਸੇ ਵਸਤੂ ਦੀ ਕਾਮਨਾਂ ਨਹੀਂ ਰਹਿ ਜਾਂਦੀ।(6) ਪੰਨਾ 503

ਬਾਬਾ ਫ਼ਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ ਆਦਿ ਸਭ ਨੇ ਇਸ ਪ੍ਰੇਮ ਦੀ ਮਹੱਤਤਾ ਨੂੰ ਬਿਆਨ ਕੀਤਾ ਹੈ ਆਤਮਾ ਤੇ ਪਰਮਾਤਮਾਂ ਦੇ ਇਸ ਮੇਲ ਨੂੰ ਬਾਬਾ ਸ਼ੇਖ ਫ਼ਰੀਦ ਨੇ ਪਤੀ ਪਤਨੀ ਦੇ ਪ੍ਰਤੀਕ ਰਾਹੀਂ ਤੇ ਬਾਕੀ ਦੇ ਸੂਫ਼ੀਆਂ ਨੇ ਹੀਰ ਰਾਂਝਾ ਦੇ ਪ੍ਰਤੀਕ ਰਾਹੀਂ ਬਿਆਨ ਕੀਤਾ ਹੈ। ਇਨ੍ਹਾਂ ਸਭ ਸੂਫ਼ੀ ਸੰਤਾ ਨੇ ਲੌਕਿਕ ਸੰਸਾਰ ਵਿਚਲੀਆਂ ਮਿਸਾਲਾਂ ਨਾਲ ਅਲੌਕਿਕ ਦ੍ਰਿਸ਼ ਚਿਤਰਿਆਂ ਹੈ।

ਸੂਫ਼ੀ ਕਾਵਿ ਪ੍ਰਵਿਰਤੀ ਦਾ ਦੂਜਾਂ ਪੱਖ ਪਰਾ ਭੌਤਿਕ ਪੱਖ ਹੈ। ਇਸ ਸੰਦਰਭ ਵਿਚ ਸੂਫ਼ੀਆਂ ਨੇ ਰੱਬੀ ਸਰੂਪ, ਸ੍ਰਿਸ਼ਟੀ ਦੀ ਸਿਰਜਣਾ ਅਤੇ ਜੀਵਨ ਦੀ ਹੋਂਦ ਸੰਬੰਧੀ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਹੈ। ਸੂਫ਼ੀ ਖ਼ੁਦਾ ਨੂੰ ਸ੍ਰਿਸ਼ਟੀ ਦਾ ਕਰਤਾ ਅਤੇ ਸੰਚਾਲਕ ਸ਼ਕਤੀ ਮੰਨਦੇ ਹਨ, ਉਹ ਖ਼ੁਦਾ ਲਈ



Scanned with CamScanner

'ਤੌਹੀਦ' ਸ਼ਬਦ ਦੀ ਵਰਤੋਂ ਕਰਦੇ ਹਨ ਭਾਵ ਅੱਲਾਹ ਤੋਂ ਬਿਨ੍ਹਾਂ ਦੂਜਾ ਹੋਰ ਕੋਈ ਰੱਬ ਨਹੀਂ।

ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ "ਸੂਫ਼ੀਮਤ ਦੀ ਵਿਚਾਰਧਾਰਾ ਇਸਲਾਮੀ ਵਿਚਾਰਧਾਰਾ ਤੇ ਅਧਾਰਤ ਹੈ ਸੂਫ਼ੀ ਵਿਚਾਰਧਾਰਾ ਨੂੰ ਸਮਝਣ ਲਈ ਪਰਮਾਤਮਾ, ਆਤਮਾ ਅਤੇ ਸ੍ਰਿਸ਼ਟੀ ਸੰਬੰਧੀ ਸਨਾਤਨ ਪੰਥੀ ਇਸਲਾਮ ਦੇ ਦ੍ਰਿਸ਼ਟੀਕੋਣ ਨੂੰ ਜਾਣ ਲੈਣਾ ਜਰੂਰੀ ਹੈ।(7) ਪੰਨਾ 498 ਜੀਵ ਦੀ ਹੋਂਦ ਸੰਬੰਧੀ ਸੂਫ਼ੀਆਂ ਨੇ ਬੰਦੇ ਦੀਆਂ ਦੋ ਰੂਹਾਂ ਅਧਿਆਤਮ ਅਤੇ ਨਫ਼ਸ ਮੰਨੀਆਂ ਹਨ।ਸੂਫ਼ੀ ਨਫਸ ਨੂੰ ਮਾਰ ਕੇ ਆਪਣੇ ਮੂਲ ਸੋਮੇ ਵਿਚ ਅਭੇਦ ਹੋਣ ਲਈ ਯਤਨਸੀਲ ਨਜ਼ਰ ਆਉਂਦੇ ਹਨ।

ਸੂਫ਼ੀਆਂ ਦੀ ਤੀਜੀ ਕਾਵਿ ਪ੍ਰਵਿਰਤੀ ਮਾਨਵਵਾਦੀ ਨਜ਼ਰੀਆਂ ਹੈ, ਇਸੇ ਨਜ਼ਰੀਏ ਕਾਰਨ ਸੂਫ਼ੀ ਕਵਿਤਾ ਲੋਕ ਜੀਵਨ ਦਾ ਅੰਗ ਬਣ ਗਈ।ਲੋਕ ਆਪਣੇ ਧਰਮਾਂ, ਫ਼ਿਰਕਿਆਂ, ਰੰਗਾਂ ਅਤੇ ਜਾਤਾਂ ਆਦਿ ਦੀਆਂ ਸਾਰੀਆਂ ਹੱਦਾ ਉਲੰਘ ਕੇ ਸੂਫ਼ੀ ਸੰਤਾਂ ਦੇ ਲੜ ਲੱਗੇ।ਸੂਫ਼ੀ ਸੰਤਾਂ ਨੇ ਭਾਰਤ ਦੇ ਉਨ੍ਹਾਂ ਲੋਕਾਂ ਨੂੰ ਜਿਹੜੇ ਉਪਰਲੀਆਂ ਸ਼੍ਰੇਣੀਆਂ ਦੇ ਹੱਥੋਂ ਸਤਾਏ ਹੋਏ ਸਨ, ਪਿਆਰ, ਰਵਾਦਾਰੀ ਤੇ ਸਾਂਝ ਦਾ ਸੁਨੇਹਾ ਦਿਤਾ।ਉਨ੍ਹਾਂ ਨੇ ਇਸ ਆਵਾਜ ਨੂੰ ਬੜੀ ਨਿਡਰਤਾ ਨਾਲ ਲੋਕਾਂ ਤੱਕ ਪਹੁੰਚਾਇਆਂ ਕਿ ਰੱਬ ਨੂੰ ਪਾਉਣਾ ਕਿਸੇ ਵਿਅਕਤੀ ਵਿਸ਼ੇਸ਼ ਜਾਂ ਫਿਰਕੇ ਦਾ ਅਧਿਕਾਰ ਨਹੀਂ, ਖ਼ੁਦਾ ਨੂੰ ਪਾਉਣ ਲਈ ਕਿਸੇ ਕਰਮ ਕਾਂਡ ਦੀ ਲੋੜ ਨਹੀਂ ਸਗੋਂ ਨੇਕ ਭਾਵਨਾ ਤੇ ਸੱਚੇ ਇਸ਼ਕ ਨਾਲ ਖ਼ੁਦਾ ਵਿਚ ਅਭੇਦਤਾ ਹਾਸਲ ਹੁੰਦੀ ਹੈ ਬੁੱਲ੍ਹੇ ਸ਼ਾਹ ਬੜੀ ਉਚੀ ਸੁਰ ਵਿਚ ਸਾਰੇ ਕਰਮਕਾਂਡਾ ਦੀ ਨਿਖੇਧੀ ਕਰਦਾ ਹੈ।

ਭੱਠ ਨਿਮਾਜ਼ਾ ਤੇ ਚਿੱਕੜ ਰੋਜੇ ਕਲਮੇ ਤੇ ਫਿਰ ਗਈ ਸਿਆਹੀ ਬੁੱਲ੍ਹਾ ਸ਼ਾਹ ਸ਼ਹੁ ਅੰਦਰੋਂ ਮਿਲਿਆਂ ਭੁੱਲੀ ਫਿਰੇ ਲੋਕਾਈ।

ਗੁਰਬਾਣੀ ਵਿਚਲਾ ਸਰਬੱਤ ਦੇ ਭਲੇ ਦਾ ਸੰਕਲਪ ਤੇ ਸੂਫ਼ੀਆਂ ਦਾ ਮਾਨਵਵਾਦੀ ਸੰਕਲਪ ਇਕੋ ਹੀ ਭਾਵ ਦੇ ਹਨ।ਸੂਫ਼ੀਆਂ ਨੇ ਸਮੁੱਚੀ ਰਚਨਾਂ ਵਿਚ ਇਨਸਾਨੀਅਤ ਦੀ ਅਹਿਮੀਅਤ ਦੀ ਗੱਲ ਕੀਤੀ ਹੈ।ਅਸੱਤ ਦਾ ਪੱਲਾ ਛੱਡ ਕੇ ਸਤ ਦੀ ਭਾਲ ਹੀ ਸੂਫ਼ੀਆਂ ਦੀ ਵਿਚਾਰਧਾਰਾ ਹੈ ਜਿਸ ਦੀ ਪੇਸ਼ਕਾਰੀ ਕਾਫ਼ੀ, ਸੀਹਰਫ਼ੀ, ਅਠਵਾਰਾ, ਸਤਵਾਰਾ, ਸਲੋਕ, ਦੋਹਰਾ ਆਦਿ ਕਾਵਿ ਰੂਪਾਂ ਵਿਚ ਹੋਈ ਹੈ।ਲੋਕ ਛੰਤਾਂ ਤੇ ਲੋਕ-ਕਾਵਿ ਰੂਪਾਂ ਵਿਚ ਨਵੇਂ-ਨਵੇਂ ਅਲੰਕਾਰ, ਸ਼ਬਦ ਚਿਤਰ ਦ੍ਰਿਸ਼ ਚਿੱਤਰ, ਮੁਹਾਵਰੇ, ਅਖਾਣਾ ਤੇ ਅਹਿਮ ਪ੍ਰਤੀਕਾ ਰਾਹੀਂ ਸੂਫ਼ੀ ਸੰਤ ਆਪਣੀ ਗੱਲ ਆਮ ਲੋਕਾਈ ਤੱਕ ਪਹੁੰਚਾਉਣ ਵਿਚ ਸਫ਼ਲ ਰਹੇ।

ਸੂਫ਼ੀ ਕਾਵਿ ਧਾਰਾ ਮੱਧ-ਕਾਲੀਨ ਪੰਜਾਬੀ ਕਾਵਿ ਦੀ ਨਿਵੇਕਲੀ ਤੇ ਮਹੱਤਵਪੂਰਣ ਪ੍ਰਵਿਰਤੀ ਹੈ ਕਿਉਂ ਜੋ ਅੱਜ ਦੀ ਆਧੁਨਿਕ ਜ਼ਿੰਦਗੀ ਵਿਚ ਇਸ ਕਾਵਿ ਧਾਰਾ ਦੀ ਤਾਜ਼ਗੀ ਉਵੇਂ ਹੀ ਬਣੀ ਹੋਈ ਹੈ, ਇਸ ਕਾਵਿ ਧਾਰਾ ਦੇ ਸਾਰੇ ਸਰੋਕਾਰ ਅੱਜ ਵੀ ਮਨੁੱਖ ਲਈ ਬਹੁਤ ਹੀ ਅਹਿਮ ਨੇ, ਜੋ ਹਰ ਪੜ੍ਹਾਅ ਤੇ ਉਸ ਦੀ ਅਗਵਾਈ ਕਰ ਰਹੇ ਹਨ।



Scanned with CamScanner